# ਟ੍ਰੈਵਿਸ ਦੀ ਕਹਾਣੀ

ਲੀਸਾ ਬੇਕੋ

ਸਾਡੇ ਪਹਿਲੇ ਬੇਟੇ ਟ੍ਰੈਵਿਸ ਦਾ ਜਨਮ ਇਕ ਵਰਦਾਨ ਸੀ ਅਤੇ ਨਾਲ ਹੀ ਬਹੁਤ ਚਾਅ ਵਾਲੀ ਗੱਲ ਸੀ। ਸਾਨੂੰ ਇਸ ਗੱਲ ਦੀ ਬਹੁਤ ਥੋੜ੍ਹੀ ਜਾਣਕਾਰੀ ਸੀ ਕਿ ਸਾਡਾ ਬੇਟਾ 5 ਹਫਤੇ ਪਹਿਲਾਂ ਜੰਮਣ ਦਾ ਫੈਸਲਾ ਕਰ ਲਏਗਾ ਅਤੇ ਉਸ ਦਾ ਭਾਰ 4 ਪੌਂਡ 10 ਔਂਸ ਹੋਵੇਗਾ। ਟ੍ਰੈਵਿਸ ਨੂੰ ਆਪਣੀ ਜ਼ਿੰਦਗੀ ਦੇ ਪਹਿਲੇ ਢਾਈ ਹਫਤੇ ਹਸਪਤਾਲ ਦੀ ਨਰਸਰੀ ਦੇ ਇਕ ਇਨਕੁਬੇਟਰ ਵਿੱਚ ਰਹਿਣਾ ਪਿਆ। ਉਨੀ ਦੇਰ ਤੱਕ ਉਸ ਨੂੰ ਹਸਪਤਾਲ ਵਿੱਚ ਛੱਡਣਾ ਬਹੁਤ ਔਖਾ ਸੀ ਜਿੰਨੀ ਦੇਰ ਤੱਕ ਉਹ ਘਰ ਆਉਣ ਜੋਗਾ ਤੱਕੜਾ ਨਹੀਂ ਸੀ ਹੋ ਜਾਂਦਾ। ਮਾਪੇ ਬਣਨ ਦੇ ਪਹਿਲੇ ਹਫਤੇ ਇਸ ਹੀ ਤਰ੍ਹਾਂ ਦੇ ਤਣਾਅ ਭਰਪੂਰ ਅਤੇ ਉਦਾਸੀ ਭਰੇ ਸਨ – ਅਤੇ ਫਿਰ ਸਾਨੂੰ ਪਤਾ ਲੱਗਾ ਕਿ ਸਾਡੇ ਬੇਟੇ ਵਿੱਚ ਸੁਣਨ ਸ਼ਕਤੀ ਦੀ ਘਾਟ ਹੈ।

ਹਸਪਤਾਲ ਵਿੱਚ ਟ੍ਰੈਵਿਸ ਦੀ ਪਹਿਲੀ ਵਾਰ ਜਾਂਚ ਉਦੋਂ ਹੋਈ ਜਦੋਂ ਉਹ ਡੇਢ ਹਫਤੇ ਦਾ ਸੀ। ਉਹ ਪਹਿਲੀ ਜਾਂਚ ਵਿੱਚੋਂ ਪਾਸ ਨਾ ਹੋਇਆ ਅਤੇ ਉਸ ਨੂੰ ਆਡਿਟਰੀ ਬ੍ਰੇਨਸਟੈੱਮ ਰਿਸਪਾਂਸ ਟੈੱਸਟ ਲਈ ਭੇਜ ਦਿੱਤਾ ਗਿਆ। ਉਸ ਸਮੇਂ ਮੈਨੂੰ ਦੱਸਿਆ ਗਿਆ ਕਿ ਮੇਰੇ ਬੱਚੇ ਵਿੱਚ ਸੁਣਨ ਸ਼ਕਤੀ ਦੀ ਘਾਟ ਹੈ। ਇਹ ਇਕ ਸਦਮੇ ਭਰਪੂਰ ਅਤੇ ਪਰੇਸ਼ਾਨ ਕਰਨ ਵਾਲੀ ਖਬਰ ਸੀ। ਆਡੀਓਲੌਜਿਸਟ ਆਪਣੇ ਨਤੀਜਿਆਂ ਬਾਰੇ ਪੱਕਾ ਕਰਨ ਲਈ ਇਕ ਹੋਰ ਏ ਬੀ ਆਰ ਟੈੱਸਟ ਕਰਨਾ ਚਾਹੁੰਦੀ ਸੀ – ਮੈਂ ਦੂਜੀ ਰਾਇ (ਸੈਕਿੰਡ ਓਪੀਨੀਅਨ) ਲੈਣ ਲਈ ਪੁੱਛਿਆ ਅਤੇ ਮੈਨੂੰ ਇਕ ਹੋਰ ਆਡੀਓਲੌਜਿਸਟ ਕੋਲ ਭੇਜ ਦਿੱਤਾ ਗਿਆ। ਸੁਣਨ ਸ਼ਕਤੀ ਦੀ ਦੂਜੀ ਏ ਬੀ ਆਰ ਜਾਂਚ ਨੇ ਪਹਿਲੇ ਟੈੱਸਟ ਦੇ ਨਤੀਜਿਆਂ ਦੀ ਪੁਸ਼ਟੀ ਕਰ ਦਿੱਤੀ। ਫਿਰ ਭਾਵਨਾਵਾਂ ਦਾ ਹੜ੍ਹ ਆ ਗਿਆ, ਉਦਾਸੀ ਤੋਂ ਇਨਕਾਰ ਅਤੇ ਇਨਕਾਰ ਤੋਂ ਗੁੱਸੇ ਤੱਕ। ਜੀਨੈਟਿਕ ਟੈਸਟਾਂ ਤੋਂ ਪਤਾ ਲੱਗਾ ਕਿ ਉਸ ਦੀ ਸੁਣਨ ਸ਼ਕਤੀ ਦੀ ਘਾਟ ਜੱਦੀ-ਪੁਸ਼ਤੀ ਹੈ – ਦੱਸਿਆ ਗਿਆ ਕਿ ਉਸ ਨੂੰ ਇਨਲਾਰਜਡ ਵੈਸਟੀਬੁਲਰ ਐਕਿਉਡਕਟ ਸਿੰਡਰੋਮ ਅਤੇ ਪੈਂਡਰਿਡ ਸਿੰਡਰੋਮ ਹੈ।

ਸਾਡੇ ਪਰਿਵਾਰ ਵਿੱਚ ਸੁਣਨ ਸ਼ਕਤੀ ਦੀ ਘਾਟ ਦਾ ਇਤਿਹਾਸ ਹੈ – ਮੇਰੇ ਭਰਾ ਨੂੰ ਉੱਚਾ ਸੁਣਦਾ ਹੈ ਅਤੇ ਉਸ ਦੀ ਸੁਣਨ ਸ਼ਕਤੀ ਦੇ ਪੱਧਰ ਟ੍ਰੈਵਿਸ ਜਿੰਨੇ ਹਨ। ਮੈਨੂੰ ਗੁੱਸਾ ਸੀ ਕਿ ਮੇਰੇ ਬੱਚੇ ਨੂੰ ਉੱਚਾ ਸੁਣਦਾ ਹੈ ਜਦੋਂ ਕਿ ਮੇਰੇ ਭਰਾ ਦੇ ਬੱਚਿਆਂ ਨੂੰ ਨਹੀਂ। ਇਹ ਸਹੀ ਕਿਵੇਂ ਸੀ? ਸਾਡੇ ਦਿਮਾਗਾਂ ਵਿੱਚ ਬਹੁਤ ਸਾਰੇ ਸਵਾਲ ਵੀ ਉੱਠ ਰਹੇ ਸਨ: ਕੀ ਉਸ ਨੂੰ ਤੰਗ ਕੀਤਾ ਜਾਇਆ ਕਰੇਗਾ? ਕੀ ਉਸ ਦੇ ਦੋਸਤ ਹੋਣਗੇ? ਕੀ ਉਹ ਆਪਣੀ ਸੁਣਨ ਸ਼ਕਤੀ ਦੀ ਘਾਟ ਕਾਰਨ ਬਾਕੀਆਂ ਤੋਂ ਅਲੱਗ-ਥਲੱਗ ਅਤੇ ਸੰਗਾਊ ਹੋਵੇਗਾ? ਕੀ ਉਹ ਖੇਡਾਂ ਖੇਡ ਸਕੇਗਾ? (ਇਨਲਾਰਜਡ ਵੈਸਟੀਬੁਲਰ ਐਕੁਈਡਕਟ ਸਿੰਡਰੋਮ ਨਾਲ ਸੁਣਨ ਸ਼ਕਤੀ ਦੀ ਘਾਟ ਲਗਾਤਾਰ ਘੱਟਦੀ ਰਹਿ ਸਕਦੀ ਹੈ, ਅਤੇ ਕਈ ਵਾਰੀ ਸੁਣਨ ਸ਼ਕਤੀ ਦੀ ਇਸ ਕਮੀ ਦਾ ਸੰਬੰਧ ਸਿਰ ਨੂੰ ਲੱਗੀ ਸੱਟ ਨਾਲ ਜੁੜ ਜਾਂਦਾ ਹੈ।)

ਜਦੋਂ ਹੀ ਉਸ ਨੇ ਟ੍ਰੈਵਿਸ ਦੀ ਸੁਣਨ ਸ਼ਕਤੀ ਬਾਰੇ ਸੁਣਿਆ, ਮੇਰੇ ਭਰਾ ਨੇ ਮੈਨੂੰ ਫੋਨ ਕੀਤਾ। ਉਸ ਨੇ ਦੱਸਿਆ ਕਿ ਇਹ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ ਅਤੇ ਟ੍ਰੈਵਿਸ ਠੀਕ ਠਾਕ ਰਹੇਗਾ। ਇਹ ਪਹਿਲੀ ਵਾਰ ਸੀ ਕਿ ਮੈਂ ਆਪਣੇ ਭਰਾ ਤੋਂ ਸੁਣਨ ਸ਼ਕਤੀ ਦੀ ਘਾਟ ਦੇ ਨਾਲ ਵੱਡਾ ਹੋਣ ਦੇ ਉਸ ਦੇ ਤਜਰਬਿਆਂ ਬਾਰੇ ਆਪਣੇ ਸਵਾਲਾਂ ਦੇ ਜੁਆਬ ਹਾਸਲ ਕਰ ਸਕੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੂੰ ਤੰਗ ਨਹੀਂ ਕੀਤਾ ਜਾਂਦਾ ਸੀ, ਉਸ ਦੇ ਬਹੁਤ ਸਾਰੇ ਦੋਸਤ ਸਨ ਅਤੇ ਉਹ ਆਪਣੇ ਗਵਾਂਢ ਦੇ ਸਕੂਲ ਵਿੱਚ ਪੜ੍ਹਿਆ ਸੀ। ਅਸੀਂ ਇਹ ਵੀ ਮਹਿਸੂਸ ਕੀਤਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਟ੍ਰੈਵਿਸ ਦੀ ਸੁਣਨ ਸ਼ਕਤੀ ਬਾਰੇ ਏਨੀ ਛੋਟੀ ਉਮਰ ਵਿੱਚ ਹੀ ਪਤਾ ਲੱਗ ਗਿਆ ਸੀ – ਮੇਰੇ ਮਾਪਿਆਂ ਨੂੰ ਮੇਰੇ ਭਰਾ ਦੇ ਉੱਚਾ ਸੁਣਦੇ ਹੋਣ ਬਾਰੇ ਉਸ ਵਲੋਂ 8 ਸਾਲਾਂ ਦਾ ਹੋਣ ਤੱਕ ਪਤਾ ਨਹੀਂ ਲੱਗਾ ਸੀ।

ਉਸ ਪਲ ਤੋਂ ਮੈਨੂੰ ਪਤਾ ਸੀ ਕਿ ਜੋ ਕੁਝ ਮੇਰੇ ਪੁੱਤਰ ਨੂੰ ਚਾਹੀਦਾ ਹੈ, ਉਹ ਪ੍ਰਾਪਤ ਕਰਨ ਵਿੱਚ ਮੈਨੂੰ ਉਸ ਦੀ ਮਦਦ ਕਰਨ ਲਈ ਜੋ ਕੁਝ ਮੈਂ ਕਰ ਸਕਦੀ ਹਾਂ, ਉਹ ਕਰਨਾ ਪਵੇਗਾ ਤਾਂ ਕਿ ਉਹ ਇਕ ਖੁਸ਼ ਅਤੇ ਕਾਮਯਾਬ ਜ਼ਿੰਦਗੀ ਜੀਅ ਸਕੇ। 5 ਮਹੀਨਿਆਂ ਦੀ ਉਮਰ ਵਿੱਚ ਟ੍ਰੈਵਿਸ ਦੇ ਹੀਅਰਿੰਗ ਏਡਾਂ ਲਾ ਦਿੱਤੀਆਂ ਗਈਆਂ ਅਤੇ ਜਦੋਂ ਉਹ 7 ਮਹੀਨਿਆਂ ਦਾ ਹੋਇਆ, ਅਸੀਂ ਇਕ ਅਰਲੀ ਇੰਟਰਵੈਨਸ਼ਨ ਪ੍ਰੋਗਰਾਮ ਵਿੱਚ ਦਾਖਲ ਹੋ ਗਏ। ਉਸ ਵੇਲੇ ਮੈਂ ਕਈ ਬਹੁਤ ਵਧੀਆ ਮਾਂਵਾਂ ਨੂੰ ਮਿਲੀ ਜੋ ਉਸ ਤਰ੍ਹਾਂ ਦੀਆਂ ਹਾਲਤਾਂ ਵਿੱਚ ਦੀ ਗੁਜ਼ਰ ਰਹੀਆਂ ਸਨ, ਜਿਸ ਤਰ੍ਹਾਂ ਦੀਆਂ ਹਾਲਤਾਂ ਵਿੱਚੋਂ ਦੀ ਮੈਂ ਗੁਜ਼ਰ ਰਹੀ ਸੀ, ਪਰ ਉਹ ਆਪਣੇ ਸਫਰ ਵਿੱਚ ਮੇਰੇ ਕੋਲੋਂ ਥੋੜ੍ਹਾ ਜਿਹਾ ਅੱਗੇ ਸਨ। ਦੂਜੇ ਮਾਪਿਆਂ

ਨੂੰ ਮਿਲਣਾ ਅਤੇ ਕਿਸੇ ਨਾਲ ਗੱਲ ਕਰ ਸਕਣਾ ਅਤੇ ਸਵਾਲ ਪੁੱਛ ਸਕਣਾ ਮੈਨੂੰ ਬਹੁਤ ਫਾਇਦੇਮੰਦ ਲੱਗਾ।

ਟ੍ਰੈਵਿਸ ਹੁਣ 4 ਸਾਲਾਂ ਦਾ ਹੈ। ਉਹ ਬਹੁਤ ਸਰਗਰਮ ਅਤੇ ਮਿਲਣਸਾਰ ਮੁੰਡਾ ਹੈ ਅਤੇ ਆਪਣੀ ਉਮਰ ਦੇ ਜਾਂ ਵੱਡੇ ਬੱਚਿਆਂ ਨਾਲ ਮੇਲ ਜੋਲ ਕਰਨ ਵਿੱਚ ਉਸ ਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ। ਉਹ ਤੈਰਨ ਜਾਣਾ, ਖੇਡਣ ਜਾਣਾ ਅਤੇ ਖੇਡਣ ਲਈ ਮਿੱਥੇ ਸਮਿਆਂ ’ਤੇ ਆਪਣੇ ਦੋਸਤਾਂ ਨੂੰ ਮਿਲਣ ਜਾਣਾ ਪਸੰਦ ਕਰਦਾ ਹੈ। ਉਹ ਬੋਲਣ ਵਿੱਚ ਥੋੜ੍ਹਾ ਜਿਹਾ ਪਿੱਛੇ ਹੈ, ਪਰ ਉਹ ਇਸ ਨੂੰ ਆਪਣੇ ਲਈ ਰੁਕਾਵਟ ਨਹੀਂ ਬਣਨ ਦਿੰਦਾ। ਉਹ ਸਿੱਖਣਾ ਪਸੰਦ ਕਰਦਾ ਹੈ ਪਰ ਆਪਣੇ ਢੰਗ ਨਾਲ – ਅਸੀਂ ਅਜੇ ਵੀ ਇਹ ਪਤਾ ਲਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਕਿਸ ਤਰੀਕੇ ਨਾਲ ਸਭ ਤੋਂ ਵਧੀਆ ਸਿੱਖਦਾ ਹੈ। ਸਾਡਾ ਸਫਰ ਅਜੇ ਖਤਮ ਨਹੀਂ ਹੋਇਆ ਅਤੇ ਅਸੀਂ ਅਜੇ ਬਹੁਤ ਸਾਰੇ ਹੋਰ ਮੀਲਪੱਥਰਾਂ ਤੱਕ ਪਹੁੰਚਣਾ ਹੈ। ਅਸੀਂ ਆਪਣੇ ਪੁੱਤਰ ਨਾਲ ਆਨੰਦ ਮਾਣਦੇ ਰਹਾਂਗੇ ਅਤੇ ਜਿਸ ਤਰ੍ਹਾਂ ਵੀ ਅਸੀਂ ਕਰ ਸਕਦੇ ਹੋਏ ਉਸ ਦੀ ਮਦਦ ਕਰਦੇ ਰਹਾਂਗੇ।